# ਪੌੜੀ 6

**ਕੇਂਦਰੀ ਭਾਵ: ਪਰਮਾਤਮਾ ਆਪ ਸੱਚ ਹੈ ਤੇ ਸੱਚ ਹੀ ਉਸਨੂੰ ਭਾਂਉਦਾ ਹੈ ।**

ਕੇਂਦਰੀ ਭਾਵ ਤੋਂ ਪਹਿਲਾਂ ਸਿਮਰਨ ਦਾ ਕੀ ਮਤਲਬ ਹੈ ਸਮਝਣਾ ਜਰੂਰੀ ਹੈ ।

ਸਿਮਰਨ ਸੰਸਕ੍ਰਿਤ ਭਾਸ਼ਾ ਦਾ ਅੱਖਰ ਹੈ ਜਿਸ ਦੇ ਮਾਇਨੇ ਹਨ ਸਿਮ੍ਰਤੀ, ਯਾਦ, ਚੇਤੇ ਰਖਣਾ । ਅਸੀਂ ਉਨਾਂ ਨੂੰ ਯਾਦ ਰਖਦੇ ਹਾਂ ਜਿਨਾਂ ਤੋਂ ਪ੍ਰਭਾਵਿਤ ਹੁੰਦੇ ਹਾਂ । ਸਾਡੇ ਪ੍ਰਭਾਵਿਤ ਹੋਣ ਦਾ ਸਬੱਬ ਉਸਦੇ ਗੁਣ ਹੁੰਦੇ ਹਨ ।ਅਸੀਂ ਜਿਸ ਦੇ ਗੁਣਾਂ ਨੂੰ ਵੇਖ ਕੇ ਪ੍ਰਭਾਵਿਤ ਹੁੰਦੇ ਹਾਂ ਸਾਡਾ ਉਸ ਨਾਲ ਪਿਆਰ ਪੈ ਜਾਂਦਾ ਹੈ । ਜਿਸ ਨਾਲ ਪ੍ਰੇਮ ਹੋ ਜਾਵੇ ਉਸਦੀ ਯਾਦ ਸਦੀਵੀ ਬਣੀ ਰਹਿੰਦੀ ਹੈ । ਜਦੋਂ ਯਾਦ ਮਨ ਵਿਚ ਸਮਾ ਜਾਵੇ ਤਾਂ ਅਜਪਾ ਜਾਪ ਚਲ ਪੈਂਦਾ ਹੈ । ਇਹ ਜਾਪ ਬਾਹਰਮੁਖੀ ਨਹੀਂ ਹੋਣਾ ਚਾਹੀਦਾ ਕਿਉਂਕਿ ਜੋ ਬਾਹਰਮੁਖੀ ਹੁੰਦਾ ਹੈ ਉਹ ਦਿਖਾਵਾ ਹੈ, ਖੁਸ਼ਾਮਦ ਹੈ । ਸਗੋਂ ਇਸ ਯਾਦ ਨਾਲ ਰੋਮ-ਰੋਮ ਸਿੰਝ ਜਾਣਾ ਚਾਹੀਦਾ ਹੈ । ਤੁਸੀਂ ਜੋ ਕੁਝ ਵੀ ਕਰੋ ਇਸ ਯਾਦ ਦੀ ਗੁਦਗੁਦੀ ਧੁੰਨ ਤੁਹਾਡੇ ਅੰਤਰਕਸ਼ ਵਿਚ ਗੂੰਜਦੀ ਰਹਿਣੀ ਚਾਹੀਦੀ ਹੈ । ਜਦੋਂ ਕੋਈ ਮਨੁੱਖ ਕਿਸੇ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਉਸਦੇ ਪਿਆਰ ਵਿਚ ਗੜੁੱਚ ਹੋ ਜਾਂਦਾ ਹੈ ਤਾਂ ਸਹਿਜਸੁਭਾ ਖੁਸ਼ੀ ਵਿਚ ਝੂਮ ਕੇ ਵਾਹ-ਵਾਹ ਕਹਿ ਉਠਦਾ ਹੈ । ਪਰੰਤੂ ਇਸ ਤਰਾਂ ਦਾ ਗਹਿਰਾ ਪਿਆਰ ਪਰਮਾਤਮਾ ਦੀ ਰਹਿਮਤ ਤੋਂ ਬਿਨਾਂ ਨਹੀਂ ਹੋ ਸਕਦਾ । ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇ ਸਿੱਖ ਸਿਮਰਨ ਕਰਦੇ ਸਮੇਂ ਵਾਹ-ਏ-ਗੁਰੂ ਬੋਲਦੇ ਹਨ ।ਪਰੰਤੂ ਇਸ ਤਰਾਂ ਦਾ ਜਪ, ਸਿਮਰਨ ਜੋ ਕਿ ਗਹਿਰੇ ਪ੍ਰੇਮ ਵਿਚ ਨਹੀਂ ਹੈ ਉਹਨਾਂ ਦੇ ਜੀਵਨ ਵਿਚ ਕੋਈ ਤਬਦੀਲੀ ਨਹੀਂ ਲਿਆਂਦਾ ।

ਇਖਲਾਕ ਦੀ ਘਾੜਤ ਤੁਹਾਡੀ ਸੋਚ ਉਤੇ ਅਧਾਰਤ ਹੈ । ਤੁਹਾਡੇ ਸੋਚ, ਵਿਚਾਰ ਵਿਚ ਜੇ ਸਦਾ ਕਾਮ, ਕ੍ਰੋਧ, ਲੋਭ, ਮੋਹ ਅਤੇ ਅੰਹਕਾਰ ਗਰਦਿਸ਼ ਕਰਦੇ ਹੰਨ ਤਾਂ ਤੁਸੀਂ ਮਨ ਦੇ ਤਲ ਤੇ ਪਾਪ ਕਰਦੇ ਰਹਿੰਦੇ ਹੋ ਅਤੇ ਫਿਟਕਾਰ ਭਰਿਆ ਜੀਵਨ ਗੁਜਾਰਦੇ ਹੋ । ਜੇ ਤੁਹਾਡੇ ਅੰਤਰਕਸ਼ ਵਿਚ ਸਦਾ ਛਲ, ਫਰੇਬ ਅਤੇ ਬੇਈਮਾਨੀ ਅਦਿ ਚਲਦੇ ਰਹਿੰਦੇ ਹਨ ਤਾਂ ਇਸ ਨਾਲ ਤੁਹਾਡੀ ਅੰਤਰਆਤਮਾ ਜਲ ਬਲ ਜਾਂਦੀ ਹੈ । ਜਦੋਂ ਕਿ ਜਿਹੜੇ ਪਰਮਾਤਮਾ ਦਾ ਸਿਮਰਨ ਕਰਦੇ ਹਨ ਉਹਨਾਂ ਦਾ ਇਖਲਾਕ ਸ਼ੀਲ ਸੰਜਮ, ਦਯਾ, ਸਬਰ ਸੰਤੋਖ, ਪ੍ਰੇਮ ਅਤੇ ਨਿਮਰਤਾ ਵਾਲਾ ਹੋ ਜਾਂਦਾ ਹੈ ।ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਸਿਰਫ ਪਰਮਾਤਮਾ ਦਾ ਸਿਮਰਨ ਹੀ ਵਿਸ਼ਵ-ਵਿਆਪੀ ਉਪਚਾਰ ਹੈ ਜੋ ਕਿ ਕਾਮ ਨੂੰ ਸ਼ੀਲ ਸੰਜਮ, ਕ੍ਰੋਧ ਨੂੰ ਦਯਾ, ਲੋਭ ਨੂੰ ਸਬਰ ਸੰਤੋਖ, ਮੋਹ ਨੂੰ ਪ੍ਰੇਮ ਅਤੇ ਅੰਹਕਾਰ ਨੂੰ ਨਿਮਰਤਾ ਵਿਚ ਤਬਦੀਲ ਕਰ ਸਕਦਾ ਹੈ ।ਸਿਰਫ ਸਿਮਰਨ ਹੀ ਇਕ ਐਸੀ ਦਵਾਈ ਹੈ ਜਿਹੜੀ ਸਾਰੀ ਰੋਗਾਂ ਨੂੰ ਜੜ੍ਹੋ ਮੁਕਾ ਦੇਂਦੀ ਅਤੇ ਮਨੁੱਖ ਆਨੰਦਮਈ ਜੀਵਨ ਗੁਜਾਰਦਾ ਹੈ ।

ਨਾਮ, ਭਗਤੀ, ਬੰਦਗੀ, ਸੇਵਾ ਆਦਿ ਅਖ਼ਰ ਨਾਮ ਬਦਲ ਕੇ ਵਰਤੇ ਜਾਂਦੇ ਹਨ ਪਰੰਤੂ ਸਭਨਾ ਦੇ ਮਾਇਨੇ ਇਕ ਹੀ ਹਨ । ਕਈਂ ਉਲਝਣ ਵਿਚ ਪੈ ਜਾਂਦੇ ਹਨ ਕਿ ਸੇਵਾ ਅਤੇ ਸਿਮਰਨ ਦੇ ਇਕ ਮਾਇਨੇ ਹਨ ।ਗੁਰੂ ਨਾਨਕ ਸਾਹਿਬ ਦੀ ਬਹੁਤ ਸਾਰੀ ਤਹਿਰੀਰਾਂ ਵਿਚੋਂ ਹੇਠ ਲਿਖਿਆਂ ਤਹਿਰੀਰਾਂ ਪਰਮਾਣ ਵਜੋਂ ਪੇਸ਼ ਹਨ ਜਿਸ ਵਿਚ ਸੇਵਾ ਅਤੇ ਸਿਮਰਨ ਦੇ ਇਕ ਮਾਇਨੇ ਦਰਸਾਏ ਗਏ ਹਨ।

ਜਪੁ ਜੀ ਸਾਹਿਬ – ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 2, ਪਉੜੀ 5 – **ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**
**ਬਿਨੁ ਤੇਲ ਦੀਵਾ ਕਿਉ ਜਲੈ** – ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 25, ਪੈਰ੍ਹਾ 3 ਅਤੇ 4 – **ਸੁਖੁ ਹੋਵੈ ਸੇਵ ਕਮਾਣੀਆ ॥ਵਿਚਿ ਦੁਨੀਆ ਸੇਵ ਕਮਾਈਐ ॥**
**ਦਇਆਲ ਤੇਰੈ ਨਾਮਿ ਤਰਾ** – ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 660, ਪੈਰ੍ਹਾ 3 – **ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ।**

---

ਲੋਕ ਤੀਰਥ ਜਾ ਰਹੇ ਹਨ, ਇਸ਼ਨਾਨ ਕਰ ਰਹੇ ਹਨ, ਇਸ ਇਸ਼ਨਾਨ ਵਿੱਚ ਕੋਈ ਆਨੰਦ ਦਾ ਜਸ਼ਨ ਨਹੀਂ। ਕੇਵਲ ਪਾਪਾਂ ਤੋਂ ਛੁਟਕਾਰੇ ਦੀ ਇੱਛਾ ਹੈ। ਤੁਹਾਡਾ ਧਰਮ ਤੁਹਾਡੇ ਪਾਪਾਂ ਦੇ ਡਰ ਦੀ ਦਵਾਈ ਹੈ। ਤੁਸੀਂ ਸਭ ਸੁੱਰਖਿਆ ਦੇ ਲਈ ਕਰਦੇ ਹੋ,ਇੰਤਜ਼ਾਮ ਜੁਟਾਉਂਦੇ ਹੋ, ਜਿਵੇਂ ਤੁਸੀਂ ਧੰਨ ਇਕੱਠਾ ਕਰਦੇ ਹੋ। ਮਕਾਨ, ਬੈਂਕ ਬੈਲੇਂਸ ਬਣਾਉਂਦੇ ਹੋ, ਬੀਮਾ ਕਰਵਾਉਂਦੇ ਹੋ, ਅਜਿਹਾ ਹੀ ਪ੍ਰਮਾਤਮਾ ਵੀ ਤੁਹਾਡਾ ਬੀਮਾ ਹੈ। ਤੁਹਾਡੇ ਤੀਰਥ, ਇਸ਼ਨਾਨ, ਪੂਜਾ-ਪਾਠ, ਧੂਪ-ਬੱਤੀ ਤੁਹਾਡੇ ਪਾਪਾਂ ਦੀਆਂ ਸੁਰਖਿਆਵਾਂ ਹਨ।

ਤੀਰਥ ਯਾਤ੍ਰੀਆਂ ਨੂੰ ਵੇਖੋ! ਉਸ ਵਿੱਚ ਕੋਈ ਹਾਜ਼ੀ/ਧਾਮੀ ਹੋ ਕੇ ਮੁੜਦਾ ਹੈ ਤਦ ਉਸਨੂੰ ਵੇਖੋ! ਇੱਕ ਆਕੜ ਲੈ ਕੇ ਮੁੜਦਾ ਹੈ। ਸਹਿਜ ਹੋ ਕੇ ਮੁੜਨਾ ਚਾਹੀਦਾ ਸੀ। ਹੱਜ/ਧਾਮ ਜੇਕਰ ਸੱਚ ਵਿੱਚ ਹੀ ਹੋਇਆ, ਤਾਂ ਤੀਰਥ ਯਾਤ੍ਰਾ ਹੋ ਗਈ, ਤਦ ਆਦਮੀ ਬਦਲ ਕੇ ਮੁੜੇਗਾ। ਹੰਕਾਰ ਉਥੇ ਹੀ ਛੱਡ ਕੇ ਮੁੜੇਗਾ। ਪਰ ਉਥੋਂ ਆਕੜ ਕੇ ਆਉਂਦਾ ਹੈ। ਉਹ ਆਸ ਰੱਖਦਾ ਹੈ ਸੁਆਗਤ-ਸਤਿਕਾਰ ਦੀ, ਲੋਕ ਪੈਰੀ ਪੈਣਗੇ ਅਤੇ ਕਹਿਣਗੇ ਕਿ ਗਜ਼ਬ ਕੀਤਾ। ਤੀਰਥ ਹੋ ਆਏ, ਬੜਾ ਪੁੰਨ ਕੀਤਾ, ਵੱਡੀ ਧਾਰਮਿਕ ਸ਼ਖ਼ਸੀਅਤ ਦੇ ਮਾਲਿਕ ਹੋ।

ਪੁੰਨ ਨਾਲ ਵੀ ਤੁਸੀਂ ਹੰਕਾਰ ਨੂੰ ਭਰਨਾ ਚਾਹੁੰਦੇ ਹੋ। ਤੁਸੀਂ ਵਰਤ ਵੀ ਕਰਦੇ ਹੋ ਤਾਂ ਜਲੂਸ ਦੀ ਉਮੀਦ ਰਖਦੇ ਹੋ, ਲੋਕ ਬੈਂਡ-ਬਾਜੇ ਬਜਾਉਣ, ਪਿੰਡ-ਪਿੰਡ ਖ਼ਬਰ ਹੋ ਜਾਏ ਕਿ ਤੁਸੀਂ ਕਿੰਨੇ ਵਰਤ ਰਖੇ। ਉਥੇ ਵੀ ਤੁਸੀਂ ਹੰਕਾਰ ਨੂੰ ਹੀ ਲੱਭ ਰਹੇ ਹੋ। ਹੋਰ ਜਿੰਨਾਂ ਹੰਕਾਰ ਮਜ਼ਬੂਤ ਹੁੰਦਾ ਹੈ, ਓਨੇ ਹੀ ਤੁਸੀਂ ਦੂਰ ਹੋ ਜਾਓਗੇ।

ਤੁਸੀਂ ਜਿੰਨੇ ਬਹੁਤੇ, ਓਨੇ ਦੂਰ। ਤੁਸੀਂ ਜਿੰਨੇ ਘੱਟ, ਓਨੇ ਸਾਹਮਣੇ। ਤੁਸੀਂ ਬਿਲਕੁਲ ਨਹੀਂ, ਉਹ ਹੀ ਤੁਹਾਡੇ ਦਰਵਾਜ਼ੇ ਤੇ ਖਲੋਤਾ ਹੈ।

ਤੁਸੀਂ ਉਸਨੂੰ ਚੰਗੇ ਤਦ ਲਗੋਗੇ, ਜਦ ਤੁਸੀਂ ਉਸਦੇ ਵਿਰੋਧ ਵਿੱਚ ਨਹੀਂ ਖੜੇ ਹੋ, ਤੁਸੀਂ ਆਪਣੇ ਨੂੰ ਪੂਰੀ ਤਰ੍ਹਾਂ ਉਸਦੇ ਵਿੱਚ ਲੀਨ ਕਰ ਦਿੱਤਾ ਹੈ, ਤੁਹਾਡਾ ਕਰਤਾ-ਭਾਵ ਮਿੱਟ ਗਿਆ ਹੈ। ਪ੍ਰਮਾਤਮਾ ਕਰਤਾ ਹੈ, ਤੁਸੀਂ ਜ਼ਰਿਆ ਹੋ, ਬੱਸ! ਤੁਸੀਂ ਭਾ ਜਾਓਗੇ।

ਪਰ ਅਜੇ ਤਾਂ ਅੰਦਰ ਧੁੰਨ ਵਜਦੀ ਹੈ ਕਿ ਮੈਂ ਕਰਤਾ ਹਾਂ। ਪੂਜਾ-ਪਾਠ, ਤੀਰਥ ਇਸ਼ਨਾਨ, ਦਾਨ ਵੀ ਕਰਦੇ ਹੋ ਤਾਂ ਵੀ ਕਰਤਾ ਤੁਸੀਂ ਹੀ ਰਹਿੰਦੇ ਹੋ। ਸਭ ਵਿਅਰਥ ਗਿਆ ਕਿਉਂਕਿ ਕਰਤਾ ਦਾ ਭਾਵ! ਅਜੇ ਤੁਸੀਂ ਸੋਚਦੇ ਹੋ ਮੇਰਾ ਹੈ।

ਤੁਸੀਂ ਕੀਤਾ ਕੀ ਹੈ? ਨਾ ਜਨਮ ਤੁਹਾਡਾ, ਨਾ ਜੀਵਨ ਤੁਹਾਡਾ, ਨਾ ਮੌਤ ਤੁਹਾਡੀ ਸਭ ਉਹ ਹੀ ਕਰ ਰਿਹਾ ਹੈ। ਪਰ ਵਿਚਕਾਰਲੇ ਅੰਤਰਾਲ ਵਿੱਚ ਤੁਸੀਂ ਆਪਣੇ ਕਰਤਾ ਹੋਣ ਦਾ ਭਾਵ ਇਕੱਠਾ ਕਰ ਲੈਂਦੇ ਹੋ। ਅਤੇ ਉਹ ਜਿਹੜਾ ਕਰਤਾ ਦਾ ਭਾਵ ਹੈ ਫ਼ਿਰ ਉਹ ਪਾਪ ਕਰੇ ਤਾਂ ਪਾਪ, ਪੁੰਨ ਕਰੇ ਤਾਂ ਵੀ ਪਾਪ। ਇਸਨੂੰ ਖਿਆਲ ਵਿੱਚ ਲੈਣਾ। ਤੁਸੀਂ ਸੋਚਦੇ ਹੋ ਪਾਪ ਕਰਨਾ ਪਾਪ ਹੈ ਅਤੇ ਪੁੰਨ ਕਰਨਾ ਪੁੰਨ ਹੈ। ਤੁਸੀਂ ਗਲਤੀ ਵਿੱਚ ਹੋ। ਕਰਤਾ ਹੋਣਾ ਪਾਪ ਹੈ, ਅਕਰਤਾ ਹੋਣਾ ਪੁੰਨ ਹੈ। ਜੇਕਰ ਪੁੰਨ ਕਰਦੇ ਹੋਏ ਵੀ ਤੁਸੀਂ ਕਹਿੰਦੇ ਹੋ, ਮੈਂ ਕੀਤਾ, ਮੰਦਰ ਬਣਾਏ, ਪੂਜਾ ਕੀਤੀ, ਏਨੇ ਵਰਤ, ਉਪਵਾਸ ਕੀਤੇ, ਰੋਜੇ ਰੱਖੇ, ਏਨੀ ਵਾਰ ਤੀਰਥ ਗਿਆ, ਕਾਸ਼ੀ ਗਿਆ, ਲੰਗਰ ਲਗਾਇਆ, ਹੱਜ ਗਿਆ, ਹਾਜ਼ੀ ਹੋਇਆ। ਇਹ ਤੁਸੀਂ ਜਿੰਨਾਂ ਕਹੋਗੇ, ਮੈਂ ਕੀਤਾ, ਸਭ ਪਾਪ ਹੋ ਗਿਆ। ਪਾਪ ਦਾ ਸੰਬੰਧ ਕਰਮ ਨਾਲ ਨਹੀਂ, ਭਾਵ ਨਾਲ ਹੈ। ਤੁਸੀਂ ਜੇਕਰ ਅਕਰਤਾ ਭਾਵ ਨਾਲ ਕਰ ਸਕੇ ਤਾਂ ਇਸ ਜਗਤ ਵਿੱਚ ਕੁਝ ਵੀ ਪਾਪ ਨਹੀਂ ਹੈ। ਜੇਕਰ ਤੁਸੀਂ ਕਰਤਾ ਭਾਵ ਨਾਲ ਕਰੋ ਤਾਂ ਇਸ ਜਗਤ ਵਿੱਚ ਸਭ ਕੁਝ ਪਾਪ ਹੈ।

ਪ੍ਰਮਾਤਮਾ ਦੀ ਮਰਜ਼ੀ ਹੋਣ ਦਿਓ। ਤੁਸੀਂ ਵਿੱਚਕਾਰ ਨਾ ਆਓ। ਤੁਸੀਂ ਵਿਚਾਰ ਹੀ ਨਾ ਕਰੋ ਕਿ ਗਲਤ ਹੈ ਕਿ ਠੀਕ। ਤੁਸੀਂ ਜਾਣੋਗੇ ਵੀ ਕਿਵੇਂ ਕਿ ਕੀ ਠੀਕ ਹੈ ਅਤੇ ਕੀ ਗਲਤ ਹੈ? ਤੁਹਾਡੇ ਵੇਖਣ ਦੀ ਸੀਮਾ ਕਿੰਨੀ? ਤੁਹਾਡੀ ਸਮਝ ਕਿੰਨੀ? ਤੁਹਾਡਾ ਅਨੁਭਵ ਕਿੰਨਾ? ਤੁਹਾਡਾ ਹੋਸ਼ ਕਿੰਨਾ? ਤੁਸੀਂ ਇਸ ਛੋਟੇ ਜਿਹੇ ਦੀਵੇ ਨਾਲ ਵੇਖਣ ਦੀ ਕੋਸ਼ਿਸ਼ ਨਾ ਕਰੋ, ਇਸਦੀ ਰੋਸ਼ਨੀ ਚਾਰ ਫੁੱਟ ਤੋਂ ਦੂਰ ਨਹੀਂ ਪੈਂਦੀ। ਅਤੇ ਜੀਵਨ ਦਾ ਪਸਾਰ ਅਨੰਤ। ਉਹ ਜੋ ਤੁਹਾਡੇ ਕੋਲੋਂ ਕਰਵਾ ਰਿਹਾ ਹੈ, ਉਹੀ ਕਰੋ, ਵਿਚਾਲੇ ਖੜੇ ਨਾ ਹੋਵੋ। ਤੁਸੀਂ ਸਿਰਫ਼ ਮਾਧਿਅਮ ਬਣ ਜਾਓ। ਜਿਵੇਂ ਬੰਸਰੀ ਨਾਲ ਕੋਈ ਗੀਤ ਗਾਵੇ ਅਤੇ ਬੰਸਰੀ ਕੇਵਲ ਰਾਹ ਦੇਵੇ, ਇਹੋ ਜਿਹੀ ਰਾਹ ਦਿਉ, ਜ਼ਰਿਆ ਬਣ ਜਾਓ।

ਉਸਨੇ ਜਿੰਨੀ ਵੀ ਸ੍ਰਿਸਟੀ ਬਣਾਈ ਅਤੇ ਜੋ ਵੀ ਨਜ਼ਾਰੇ ਹਨ, ਉਨ੍ਹਾਂ ਵਿੱਚ ਕਰਮ ਤੋਂ ਬਿਨਾਂ ਕਿਸੇ ਨੂੰ ਕੀ ਮਿਲਿਆ?

ਇਸ ਸ੍ਰਿਸਟੀ ਵਿੱਚ ਤਾਂ ਜੋ ਵੀ ਮਿਲਦਾ ਹੈ, ਉਹ ਕਰਮ ਕਰਨ ਨਾਲ ਮਿਲਦਾ ਹੈ। ਅਤੇ ਇਸ ਕਰਕੇ ਬਹੁਤ ਭੁਲੇਖਾ, ਭਰਮ ਹੋ ਜਾਂਦਾ ਹੈ, ਕਿ ਜਿਵੇਂ ਇਸ ਸ੍ਰਿਸਟੀ ਵਿੱਚ ਸਭ ਕੁਝ ਕਰਮ ਨਾਲ ਮਿਲਦਾ ਹੈ ਇਵੇਂ ਹੀ ਪ੍ਰਮਾਤਮਾ ਨੂੰ ਪਾਉਂਣਾ ਹੋਵੇ ਤਾਂ ਕੁਝ ਕਰਮ ਕਰਨਾ ਹੋਵੇਗਾ, ਤਦ ਮਿਲੇਗਾ। ਪਰ ਪ੍ਰਮਾਤਮਾ ਦੀ ਨੇੜਤਾ ਕਰਮ ਨਾਲ ਨਹੀਂ ਮਿਲਦੀ। ਕਿਉਂ?

ਕਿਉਂਕਿ ਕਰਮ ਨਾਲ ਤਾਂ ਕਰਤਾ ਹੀ ਮਜ਼ਬੂਤ ਹੁੰਦਾ ਹੈ। ਧਨ, ਜੱਸ ਕਮਾਉਂਣਾ ਹੋਵੇ ਤਾਂ ਕਰਮ ਕਰਨਾ ਪੈਂਦਾ ਹੈ ਬੈਠਿਆਂ ਬਠਾਇਆਂ ਨਹੀਂ ਮਿਲੇਗਾ। ਮਿਹਨਤ, ਨੱਠ-ਭੱਜ, ਆਪਾ-ਧਾਪੀ ਕਰਨੀ ਪਏਗੀ। ਚਿੰਤਿਤ, ਪ੍ਰੇਸ਼ਾਨ ਹੋਣਾ ਪਵੇਗਾ। ਇਸ ਸੰਸਾਰ ਵਿੱਚ ਕੁਝ ਵੀ ਪਾਣਾ ਹੋਵੇ ਤਾਂ ਮਿਹਨਤ ਹੀ ਰਸਤਾ ਹੈ। ਤਾਂ ਇਸ ਤੋਂ ਸਾਨੂੰ ਖਿਆਲ ਆਉਂਦਾ ਹੈ, ਜਦ ਤੁੱਛ ਨੂੰ ਪਾਣ ਲਈ ਏਨੀ ਮਿਹਨਤ ਕਰਨੀ ਪੈਂਦੀ ਹੈ, ਤਾਂ ਵਿਰਾਟ ਨੂੰ ਪਾਉਂਣ ਲਈ ਹੋਰ ਕਈ ਗੁਣਾ ਮਿਹਨਤ ਕਰਨੀ ਪਏਗੀ। ਉਥੇ ਹੀ ਸਾਡਾ ਹਿਸਾਬ ਗ਼ਲਤ ਹੋ ਜਾਂਦਾ ਹੈ।

ਇਸ ਜਗਤ ਵਿੱਚ ਜੋ ਨਿਯਮ ਹੈ, ਇਸ ਜਗਤ ਵਿੱਚ ਕੁਝ ਵੀ ਪਾਉਂਣਾ ਹੈ ਤਾਂ ਪ੍ਰਮਾਤਮਾ ਨੂੰ ਭੁਲਾਣਾ (ਬਿਨਾਂ ਸਿਮਰਨ) ਪੈਂਦਾ ਹੈ। ਉਸ ਜਗਤ ਵਿੱਚ ਠੀਕ ਉਸ ਤੋਂ ਉਲਟੀ ਯਾਤ੍ਰਾ ਹੈ। ਪ੍ਰਮਾਤਮਾ ਨੂੰ ਪਾਉਂਣ ਲਈ ਕਿਸੇ ਕਰਮ ਦੀ ਜ਼ਰੂਰਤ ਨਹੀਂ। ਪੂਜਾ ਨਹੀਂ, ਪਾਠ ਨਹੀਂ, ਯੋਗ ਨਹੀਂ, ਤੱਪ ਨਹੀਂ,

ਮੌਨ ਨਹੀਂ, ਦਾਨ ਨਹੀਂ, ਪੁੰਨ ਨਹੀਂ, ਤੀਰਥਾਂ ਤੇ ਵੱਸਣਾ ਨਹੀਂ, ਜੰਗਲਾਂ ਵਿੱਚ ਵੱਸਣਾ ਨਹੀਂ, ਨੰਗਿਆਂ ਨਹੀਂ, ਕੁੱਝ ਅੱਖਰਾਂ (ਮੰਤਰ) ਨੂੰ ਬਾਰ-ਬਾਰ ਦੋਹਰਾਣਾ ਨਹੀਂ, ਕਰਮ ਨਾਲ ਉਸਨੂੰ ਪਾਇਆ ਹੀ ਨਹੀਂ ਜਾ ਸਕਦਾ। ਪਰਮਾਤਮਾ ਦੀ ਪ੍ਰਾਪਤੀ ਸਾਡੀ ਮਿਹਨਤ ਦੇ ਸਦਕੇ ਨਹੀਂ ਬਲਕਿ ਉਸਦੀ ਰਹਿਮਤ ਨਾਲ ਹੁੰਦੀ ਹੈ। ਪ੍ਰਮਾਤਮਾ ਦੇ ਰਹਿਮਤ ਦੀ ਬਰਸਾਤ ਸਦਾ ਹੀ ਬਿਨਾਂ ਕਿਸੇ ਭੇਦ-ਭਾਵ ਤੋਂ ਸਭ ਲਈ ਬਰਾਬਰ ਹੁੰਦੀ ਰਹਿੰਦੀ ਹੈ। ਕੋਈ ਵੀ ਉਸਨੂੰ ਪ੍ਰਾਪਤ ਕਰ ਸਕਦਾ ਹੈ। ਪਰ ਜੇ ਤੁਸੀਂ ਕਰਤਾ ਬਣੇ ਰਹੇ ਤਾਂ ਤੁਸੀਂ ਹੀ ਉਸਨੂੰ ਪਾਣ ਵਿੱਚ ਅਸਮਰੱਥ ਹੋ ਜਾਓਗੇ। ਜਿਹੜਾ ਜ਼ਰੀਆ ਬਣ ਗਿਆ ਉਹ ਉਸਦਾ ਪਿਆਰਾ ਹੋ ਗਿਆ। ਜਿਵੇਂ ਘੜਾ ਸਿੱਧਾ ਰਖਿਆ ਹੋਵੇ ਅਤੇ ਮੀਂਹ ਪੈ ਰਿਹਾ ਹੋਵੇ, ਤਾਂ ਭਰ ਜਾਵੇਗਾ। ਮੀਂਹ ਤਾਂ ਪੈਂਦਾ ਹੀ ਰਹੇਗਾ, ਘੜਾ ਉਲਟਾ ਰਖਿਆ ਤਾਂ ਖ਼ਾਲੀ ਰਹਿ ਜਾਵੇਗਾ। ਮੀਂਹ ਤਾਂ ਉਲਟੇ ਘੜੇ ਉਤੇ ਵੀ ਪੈਂਦਾ ਰਹੇਗਾ, ਕਿਉਂਕਿ ਮੀਂਹ ਤਾਂ ਸਾਰੇ ਘੜਿਆਂ ਲਈ ਬਰਾਬਰ ਹੈ। ਬੱਸ! ਤੁਸੀਂ ਆਪਣਾ ਘੜਾ ਸਿੱਧਾ ਕਰੋ। ਇਸ ਲਈ ਤਾਂ ਗੁਰੂ ਨਾਨਕ ਸਹਿਬ ਕਹਿੰਦੇ ਹਨ - "ਗੁਰ ਪ੍ਰਸਾਦਿ"।

ਉਸਦੀ ਚੇਤਨਾ, ਮਤਿ, ਜੋ ਗੁਰੂ ਦੀ ਇੱਕ ਸਿੱਖਿਆ ਸੁਣ ਲੈਂਦਾ ਹੈ, ਗਿਆਨਵਾਨ, ਰੋਸ਼ਨ ਖ਼ਿਆਲ, ਪ੍ਰਕਾਸ਼ਵਾਨ ਹੋ ਜਾਂਦੀ ਹੈ। ਇਕੋ ਹੀ ਸਿੱਖਿਆ ਕਾਫ਼ੀ ਹੈ। ਕੋਈ ਹਜ਼ਾਰਾਂ ਦੀ ਜ਼ਰੂਰਤ ਨਹੀਂ। ਇੱਕ ਗੁਰ ਵੀ ਕਾਫ਼ੀ ਹੈ। ਅਤੇ ਉਹ ਗੁਰ ਕੀ ਹੈ?

ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਇੱਕ ਗੁਰ ਨਾਲ ਸਭ ਹੱਲ ਹੋ ਜਾਂਦਾ ਹੈ, ਕਿ ਸਾਰੇ ਪ੍ਰਾਣੀਆਂ ਦਾ ਦਾਤਾ ਇੱਕ ਹੈ, ਇਸ ਨੂੰ ਮੈਂ ਨਾ ਭੁੱਲਾਂ। ਬੱਸ ਉਸ ਨੂੰ ਮੈਂ ਨਾ ਭੁੱਲਾਂ ਏਨੀ ਸਿੱਖਿਆ ਕਾਫੀ ਹੈ। ਇੱਕ ਗੁਰ ਦੇ ਨਾਲ ਸਾਰੀ ਗੱਲ, ਉਲਝਨ ਹੱਲ ਹੋ ਜਾਂਦੀ ਹੈ। ਅਤੇ ਉਹ ਗੁਰ, ਗੁਰੂ ਨਾਨਕ ਸਾਹਿਬ ਕਹਿੰਦੇ ਹਨ ਇਹ ਹੈ - "ਸਾਰਿਆਂ ਦਾ ਉਹ ਹੀ ਇੱਕ ਮਾਲਿਕ ਹੈ। ਸਾਰਿਆਂ ਦਾ ਉਹ ਹੀ ਇੱਕ ਸਿਰਜਣਹਾਰ ਹੈ। ਉਸਨੂੰ ਮੈਂ ਭੁੱਲ ਨਾ ਜਾਵਾਂ। ਇਸ ਸਚਾਈ ਨੂੰ ਮੈਂ ਯਾਦ ਰੱਖ ਸਕਾਂ ਕਿ ਸਾਰਿਆਂ ਵਿੱਚ ਉਹ ਹੀ ਲੁਕਿਆ ਹੈ। ਸਾਰੇ ਹੱਥਾਂ ਦਾ ਹੱਥ ਉਹ ਹੀ ਹੈ। ਸਾਰੀਆਂ ਅੱਖਾਂ ਦੀ ਅੱਖ ਉਹ ਹੀ ਹੈ। ਉਹ ਹੀ ਧੜਕਦਾ ਹੈ, ਉਹ ਹੀ ਜੀਵਨ ਹੈ"। ਇਸ ਦੀ ਤਸ਼ਰੀਹ ਅਸੀਂ ਪੰਜਵੀ ਪੌੜੀ ਵਿੱਚ ਕਰ ਆਏ ਹਾਂ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਅਸੀਂ ਪ੍ਰਭੂ ਦੀ ਪ੍ਰਸੰਨਤਾ ਪ੍ਰਭੂ ਦੀ ਯਾਦ ਵਿਚ ਜੁੜ ਕੇ ਹੀ ਪ੍ਰਾਪਤ ਕਰ ਸਕਦੇ ਹਾਂ ਹਠਧਰਮੀ ਤਰੀਕਿਆਂ ਨਾਲ ਨਹੀਂ ਕਿਉਂਕਿ ਪਰਮਾਤਮਾ ਆਪ ਸੱਚ ਹੈ ਤੇ ਸੱਚ ਹੀ ਉਸਨੂੰ ਭਾਂਉਦਾ ਹੈ।

# LESSON 6

**Central Idea: Oneself is True, Truth is pleasing to His Will.**

One can understand the meaning of Simran (Remembrance) before the central idea.

Simran is one of the Indian language Sanskrit word which means remembrance. One can remember only those upon whom he is impressed. One can be impressed upon by seeing the attributes. When one is impressed upon by seeing his attributes he falls in love. To whom you love it always remains in your remembrance. Remembrance permeates in your inner self is what Guru Nanak calls the unremembered remembrance. This remembrance should not be repeated outwardly because what is repeated outward is pretence, sycophancy. Rather it saturates every pore of the body, every bit of you; whatever you do remembrance should reverberate like a soft melody within. When one is so influenced with the attributes, drenched in love he effortlessly swing up arms in joy and say Wah! Wah! But such kind of deep love is possible only through the True One's grace. That's why the followers of Guru Nanak as a way of remembrance say Wah-e-Guru. But simply chanting of Wah-e-Guru without deep love will not change the course of their lives.

The conduct of life can be shaped the way the people contemplate. In case they contemplate and always indulge in lust, anger, greed, infatuation, ego and doing sinful acts out of it can lead a cursed life. They always plan how to cheat; deceit, trap people and their soul get scorched and burnt. Whereas those remember the True One can shape the conduct of life of as that of gentleness, compassion, contentment, love and modesty. Guru Nanak says there is no way out which can change the course of lives except that of universal remedy of remembrance. This is the only medicine which can eradicate all diseases from the root cause, Inner self and you lead a blissful life.

Naam, Bhagti, Bandagi, Sewa are the words interchangeably be used means one and the same thing. People got confused the word Sewa as Simran. Guru Nanak described in his own writings Sewa means Simran. The writings are

Japji Sahib – Lesson 5, SGGS Page 2 – Those who served Him are honored.
Bin Tel Diva Kiu Jalay – SGGS Page 25, Para 3&4 – You shall find peace, doing Seva & In the midst of this world, do Seva.

Dayal Tere Naam Taran – SGGS Page 660, Para 3 – He alone Serves the Lord, upon whom the Lord casts His Glance of Grace.

---

People visit the holy places; bathe in the holy rivers, this bath is not a celebration of joy. The intention is to get rid of sins. Your religion is the medicine of your fear. These are the precautions you take for your well-being. Just as you amass wealth, build a house, have a bank balance, take out an insurance policy, in the same manner God is your insurance policy. Your holy places, bath in holy rivers, worship, incense sticks are all your safeguards for your sins.

See the pilgrims returning from pilgrimage. They become the picture of arrogance. They should have returned with calm and ease. Had they really gone on a pilgrimage they would have returned a more humble person, a changed man who left his ego behind; but the reverse happens – he expects a loud welcome with great applause, and wants people to touch his feet and praise his action.

Even when you perform good deeds, you only want to fill your ego. You fast so that you may be feted. You secretly desire that drums should be playing far and wide so that it should be known how much you have fasted. Here also you are searching ego. And as the ego gets stronger, you turn further and further away from Him. The more you are, the more you stand with your back to Him. Understand that equation: the less you are, the more you are turned in His direction. And when you are completely not, He stands before you.

You will gain His pleasure only when you do not stand against Him. You will gain His pleasure only when you have completely dissolved yourself in Him, when your sense of being the doer is completely annihilated. He is the doer, you are only a medium; and that is enough to please Him!

Right now however, there is a constant strain within you that I am the doer...When praying it is you who prays; while bathing in the holy waters it is you who bathes; when you do charity, again it is you. Everything goes to waste: your bath, your charity, your worship. All is in vain, and all because of your sense of doer ship. Until now you have been thinking only in terms of myself, mine.

What are your performances that you are so proud of? Neither birth nor death nor life itself is the outcome of your actions. Everything is done by Him, but

somehow you acquire this attitude of the doer. And with your sense of doing, when you commit sin it is sin; and even when you perform good deeds they too become sin. Remember! You are in the wrong. It is the sense of being the doer that is sinful! And non doer ship is virtue! All good deeds become sinful if the sense of doer ship persists. Then whether you build temples, perform worship, observe vows, observe fasts, go to holy places – to Mecca or Kashi, serving charity kitchen – all goes to waste. The more you say I have done, the more you add to your sins. So sin relates not to the act but to the attitude. Any act performed in the attitude of non doing cannot be sinful. But if your attitude is that of doing, all acts are sins.

Let His will be done; don't put yourself in between. Do not think: What is right? What is wrong? How can you know what is right or wrong? What is the scope of your vision? What is the strength of your understanding? What is your experience? How much consciousness do you have? Don't try to see with your small lamp of consciousness when it cannot see more than four feet ahead – whereas life spreads into infinite space. Do what He makes you do; be a medium only. Just as the flute allows the flute player to play his tune, give way to Him to act through you.

Whatever He has created and whatever is visible, nothing is attained without actions.

Nothing is attained in this world without actions. This causes the illusion that we have to labor, to strive, in order to attain to God. Understand that although everything in this world is attained through labor, but proximity to God is not. Why?

Because the actions makes the ego stronger. If you want to gain wealth, to be known in this world, you will have to work hard, you cannot afford to sit doing nothing. You will have to run about, plot and plan for or against others; you will have to carry many anxieties. Since effort, labor and work are the only ways to achieve anything in this temporal world, it is but natural for us to think it must require even more effort to reach the all-embracing, vast existence! And this is where we go wrong.

The rules of this world, to attain anything of this world, we need to forget (without remembrance) the God. The rules of that realm are entirely opposite to the rules of this world. All that is achieved in the object-world is attained through hard labor and toil, but you need no action to attain God. You need no

worship, no prayer, no yoga, no austerities, no silence, no charity, no nakedness, no habitation at sacred shrines and forests, nor the repetition of some mantra. He cannot be attained by deeds – but only through His Grace. His grace always pours on everyone without any discrimination. Anyone can receive it. But if you remain a doer you are unable to receive it. Who becomes His medium is His beloved. As an upright pitcher gets filled with rain water, but if it is kept upside-down it will not fill. The rain pours all the same, because it is equally for all without any bias. You have to keep your pitcher upright that is enough. That's why Guru Nanak says "Guru's Grace".

Who listen to one teaching of the Guru, his consciousness enlightens. And one teaching is enough; there is no need for a thousand. One lesson, one secret is more than enough, and what is that secret?

The entire matter, imbroglio is solved with just one secret technique. And that secret, the Guru Nanak says is – "He is the one universal creator of all. Let me never forget Him. May I always remember this truth He is hidden behind all? He is the hand of all hands; He is the eye of all eyes. It is who throbs; it is He who is life". This secret was explained in detail in Lesson No. 5.

Guru Nanak says you will gain His pleasure to live with His remembrance not through corporal stubborn techniques because He Himself is True, Truth is pleasing to His Will.